# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 06-09-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਲਦ ਹੀ ਹੜ੍ਹ ਪ੍ਰਭਾਵਿਤ ਸੂਬਿਆਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈਣਗੇ। ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਦੀ ਮਿਕਦਾਰ ਛੇਤੀ ਹੀ ਘਟਾਈ ਜਾਏਗੀ. ਮਾਰਕੰਡਾ ਅਤੇ ਟਾਂਗਰੀ ਨਦਿਆਂ ਵਿਚ ਆਪਣੀ ਸਮਰਥਾ ਤੋਂ ਵਧ ਪਾਣੀ ਆਣ ਕਰਕੇ ਪਟਿਆਲਾ ਦਾ ਕੁਝ ਇਲਾਕਾ ਪ੍ਰਭਾਵਿਤ.
- ਕੇਂਦਰੀ ਮੰਤਰੀ ਡਾ. ਮਨਸੁਖ ਮੰਡਾਵੀਆ ਨੇ ਕਿਹਾ ਏ ਕਿ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਚਾਅ ਕਾਰਜਾਂ ਲਈ ਹਜ਼ਾਰਾਂ, ਸਿਖਲਾਈ ਪ੍ਰਾਪਤ - MY Bharat Aapda Mitras ਨੂੰ ਭੇਜਿਆ ਜਾਏਗਾ.
- ਮੌਸਮ ਵਿਭਾਗ ਵਲੋਂ ਆਉਂਦੇ ਦੋ ਦਿਨਾਂ ਵਿਚ ਭਾਰੀ ਬਾਰਿਸ਼ ਦੀ ਕੋਈ ਚਿਤਾਵਨੀ ਨਹੀਂ.

- ਰਾਜਪਾਲ ਗੁਲਾਬ ਚੰਦ ਕਟਾਰੀਆ ਕੱਲ੍ਹ ਸਵੇਰੇ ਸੁਖਨਾ ਝੀਲ ਸਪੋਰਟਸ ਕੰਪਲੈਕਸ, ਵਿਖੇ ਇੱਕ ਹੈਲਥ ਰਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ.
- ਉੱਤਰੀ ਭਾਰਤ ਦਾ ਪ੍ਰਸਿੱਧ ਮੇਲਾ, ਸਿੱਧ ਬਾਬਾ ਸੋਡਲ ਮੇਲਾ_ਪੂਰੀ ਧਾਰਮਿਕ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ.

---

ਪੰਜਾਬ ਬੀਤੇ ਤਕਰੀਬਨ ਇੱਕ ਮਹੀਨੇ ਤੋਂ ਹੜ੍ਹਾਂ ਦੀ ਮਾਰ ਹੇਠ ਏ. ਅਧਿਕਾਰਤ ਹਲਕਿਆਂ ਨੇ ਜਾਣਕਾਰੀ ਦਿੱਤੀ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਲਦੀ ਹੀ ਹੜ੍ਹ ਪ੍ਰਭਾਵਿਤ ਸੂਬਿਆਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈਣਗੇ। ਸੂਬੇ 'ਚ ਹੜ੍ਹਾਂ ਕਾਰਣ 43 ਲੋਕਾਂ ਦੀਆਂ ਜਾਨਾ ਜਾ ਚੁਕੀਆਂ ਨੇ, 3.84 ਲਖ ਲੋਕ ਪ੍ਰਭਾਵਿਤ ਹੋਏ ਨੇ, 21 ਹਜ਼ਾਰ ਤੋਂ ਵਧ ਲੋਕਾਂ ਨੂੰ ਸੁਰਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਏ ਅਤੇ ਹਜ਼ਾਰਾਂ ਏਕੜ ਜ਼ਮੀਨ ਅਤੇ ਫਸਲ ਬਰਬਾਦ ਹੋਈ ਏ. ਪਰ ਕਲ੍ਹ ਤੋਂ ਬਾਰਿਸ਼ ਘੱਟ ਹੋਣ ਕਾਰਨ ਕੁਝ ਰਾਹਤ ਮਿਲਦੀ ਨਜ਼ਰ ਆ ਰਹੀ ਏ. ਭਾਵੇਂ ਭਾਖੜਾ ਅਤੇ ਪੋਂਗ ਡੈਮ ਤੋਂ ਪਾਣੀ ਛੱਡਿਆ ਜਾਣਾ ਹਾਲਾਂ ਜਾਰੀ ਏ ਪਰ ਭਾਖੜਾ – ਬਿਆਸ ਪ੍ਰਬੰਧਨ ਬੋਰਡ ਦੇ ਚੇਅਰਮੈਨ, ਮਨੋਜ ਤ੍ਰਿਪਾਠੀ ਮੁਤਾਬਿਕ ਪਾਣੀ ਛੱਡਣ ਦੀ ਮਾਤਰਾ ਨੂੰ ਜਲਦ ਹੀ ਘੱਟ ਕਰ ਦਿੱਤਾ

ਜਾਏਗਾ. ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਆਕਾਸ਼ਵਾਣੀ ਨੂੰ ਦੱਸਿਆ ਏ ਕਿ ਹਾਲਾਤ ਫਿਲਹਾਲ ਕਾਬੂ ਹੇਠ ਨੇ. ਓਧਰ ਮਾਰਕੰਡਾ ਅਤੇ ਟਾਂਗਰੀ ਨਦਿਆਂ ਵਿਚ ਆਪਣੀ ਸਮਰਥਾ ਤੋਂ ਵਧ ਪਾਣੀ ਆਣ ਕਰਕੇ ਪਟਿਆਲਾ ਦਾ ਕੁਝ ਇਲਾਕਾ ਪ੍ਰਭਾਵਿਤ ਹੋਇਆ ਏ. ਘੱਗਰ ਵਿਚ ਪਾਣੀ ਤਕਰੀਬਨ ਕੰਢਿਆਂ ਤੱਕ ਏ. ਜ਼ਿਲਾ ਪ੍ਰਸ਼ਾਸਨ ਵਲੋਂ ਹੜ੍ਹਾਂ ਦਾ ਪ੍ਰਭਾਵ ਘੱਟ ਕਰਨ ਲਈ ਹਰ ਵਸੀਲਾ ਕੀਤਾ ਜਾ ਰਿਹਾ ਏ . ਇਧਰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਅੱਜ ਪੁਸ਼ਟੀ ਕੀਤੀ ਏ ਕਿ ਸਸਰਾਲੀ ਕਲੋਨੀ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਏ ਤੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਜ਼ੋਰਦਾਰ ਯਤਨ ਜਾਰੀ ਨੇ. ਇੱਕ ਵੀਡੀਓ ਸੰਦੇਸ਼ ਵਿੱਚ ਹਿਮਾਂਸ਼ੂ ਜੈਨ ਨੇ ਲੋਕਾਂ ਨੂੰ ਕਿਹਾ ਕਿ ਜੇ ਓਹ ਪ੍ਰਸ਼ਾਸਨ ਦੀ ਸਹਾਇਤਾ ਕਰਨਾ ਚਾਹੁੰਦੇ ਨੇ ਤਾਂ ਅੱਗੇ ਆ ਸਕਦੇ ਨੇ –byte –

ਇਸ ਦੌਰਾਨ, ਰਾਜ ਸਭਾ ਮੈਂਬਰ, ਸੰਜੇ ਸਿੰਘ ਵਲੋਂ ਅੱਜ ਸੁਲਤਾਨਪੁਰ ਲੋਧੀ ਵਿਖੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਮੰਡ ਇੰਦਰਪੁਰ ਵਿਖੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਹੜ੍ਹ ਪੀੜਤ ਪਰਿਵਾਰਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਭਰੋਸਾ ਦੁਆਇਆ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪੂਰੀ ਮਜ਼ਬੂਤੀ ਤੇ ਦ੍ਰਿੜਤਾ ਨਾਲ ਹੜ੍ਹ ਪੀੜਤ ਲੋਕਾਂ ਨਾਲ ਖੜੀ ਏ । ਉਨ੍ਹਾਂ ਕਿਹਾ ਕਿ

ਸੂਬੇ ਵਿੱਚ ਆਏ ਹੜ੍ਹਾਂ ਕਰਕੇ ਕਿਸਾਨਾਂ ਦੀਆਂ ਫ਼ਸਲਾਂ ਤੇ ਪਸ਼ੂ ਧਨ ਦੇ ਨਾਲ-ਨਾਲ ਆਮ ਲੋਕਾਂ ਦਾ ਵੱਡੇ ਪੱਧਰ ’ਤੇ ਨੁਕਸਾਨ ਹੋਇਆ ਏ ਤੇ ਸੂਬਾ ਸਰਕਾਰ ਵਲੋਂ ਲੋਕਾਂ ਦੇ ਹੋਏ ਨੁਕਸਾਨ ਦੀ ਪੂਰੀ ਭਰਪਾਈ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਓਹਨਾਂ ਵਲੋਂ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੀ ਵੰਡੀ ਗਈ। ਓਧਰ ਕਪੂਰਥਲਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਸ਼ੂ ਧਨ ਦੀ ਰਾਖੀ ਦੇ ਲਈ ਚਾਰ ਟੀਮਾਂ 24 ਘੰਟੇ ਸੇਵਾਵਾਂ ਨਿਭਾਉਣ ਦੇ ਨਾਲ-ਨਾਲ ਪਸ਼ੂਆਂ ਦੇ ਲਈ ਫੀਡ ਦੀ ਵੀ ਲਗਾਤਾਰ ਵੰਡ ਕੀਤੀ ਜਾ ਰਹੀ ਏ । ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੇ ਪਸ਼ੂਆਂ ਲਈ ਪਸ਼ੂ ਪਾਲਣ ਤੇ ਖੇਤੀਬਾੜੀ ਵਿਭਾਗ ਵਲੋਂ ਬਾਊਪੁਰ ਜਦੀਦ/ ਕਦੀਮ , ਸਾਂਗਰਾ, ਰਾਮਪੁਰ ਗੋਰੇ, ਭੈਣੀ ਕਾਦਰਬਖਸ਼ ਤੇ ਮੰਡ ਬੰਦੂ ਜਦੀਦ ਵਿਖੇ ਫੀਡ ਅਤੇ ਚਾਰੇ ਆਦਿ ਦੀ ਲਗਾਤਾਰ ਵੰਡ ਕੀਤੀ ਗਈ ਤਾਂ ਜੋ ਪਸ਼ੂਆਂ ਨੂੰ ਕੋਈ ਸਮੱਸਿਆ ਪੇਸ਼ ਨਾ ਆਵੇ। ਇਸ ਦੌਰਾਨ ਨਗਰ ਨਿਗਮ, ਫਗਵਾੜਾ ਪਿਛਲੇ ਦੋ ਮਹੀਨਿਆਂ ਤੋਂ ਸ਼ਹਿਰ ਭਰ ਵਿੱਚ ਨਿਵਾਸੀਆਂ ਨੂੰ ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਦੀ ਰੋਕਥਾਮ ਅਤੇ ਇਨ੍ਹਾਂ ਤੋਂ ਬਚਾਉਣ ਲਈ ਲਗਾਤਾਰ ਫੌਗਿੰਗ ਕਰਵਾ ਰਿਹਾ ਏ । ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼ ਤੋਂ ਬਾਅਦ ਨਗਰ ਨਿਗਮ ਨੇ ਹੁਣ ਸ਼ਹਿਰਵਾਸੀਆਂ ਲਈ ਵੱਧ ਤੋਂ ਵੱਧ ਕਵਰੇਜ ਅਤੇ

ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਏ। ਫੌਗਿੰਗ ਦੇ ਨਾਲ-ਨਾਲ ਮੱਛਰਾਂ, ਲਾਰਵੇ ਅਤੇ ਬੀਮਾਰੀ ਪੈਦਾ ਕਰਨ ਵਾਲੇ ਹੋਰ ਵੈਕਟਰਾਂ ਨੂੰ ਮਾਰਨ ਲਈ ਲਾਰਵੀ-ਸਾਈਡ ਅਤੇ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਰਿਹਾ ਏ. ਇਸਦੇ ਨਾਲ ਹੀ ਸਾਰੇ ਜ਼ਿਲਾ ਪ੍ਰਸ਼ਾਸਨਾਂ ਵਲੋਂ ਮੱਛਰਾਂ ਤੇ ਹੋਰ ਵੈਕਟਰ ਬੋਰਨ ਬੀਮਾਰਿਆਂ ਤੋਂ ਬਚਾਅ ਲਈ ਕੀਟਨਾਸ਼ਕਾਂ ਦਾ ਛਿੜਕਾਅ ਤੇ ਫੌਗਿੰਗ ਕੀਤੀ ਜਾ ਰਹੀ ਏ.

---------------------------------------------------------------------

ਖੇਡਾਂ ਅਤੇ ਨੌਜੁਆਨ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਡਾ. ਮਨਸੁਖ ਮੰਡਾਵੀਆ ਨੇ ਕਿਹਾ ਏ ਕਿ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਚਾਅ ਕਾਰਜ ਪ੍ਰਦਾਨ ਕਰਨ ਲਈ ਹਜ਼ਾਰਾਂ ਤੋਂ ਵੱਧ ਸਿਖਲਾਈ ਪ੍ਰਾਪਤ MY Bharat Aapda Mitras ਨੂੰ ਭੇਜਿਆ ਜਾਏਗਾ. All India Institute of Medical Sciences (AIIMS), ਦਿੱਲੀ ਨੇ ਵੀ ਪੰਜਾਬ ਸਮੇਤ ਉੱਤਰੀ ਭਾਰਤ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡਾਕਟਰੀ ਰਾਹਤ ਅਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਡਾਕਟਰਾਂ ਅਤੇ ਨਰਸਾਂ ਦੀ ਇੱਕ ਟੀਮ ਤਾਇਨਾਤ ਕੀਤੀ ਏ।

---------------------------------------------------------------------

ਓਧਰ ਦਿੱਲੀ ਸਰਕਾਰ ਨੇ, ਪੰਜਾਬ ਮੁੱਖ ਮੰਤਰੀ ਰਾਹਤ ਫੰਡ ਵਿੱਚ, 5 ਕਰੋੜ ਰੁਪਏ ਦੀ ਸਹਾਇਤਾ ਰਕਮ ਦੇਣ ਦਾ ਫੈਸਲਾ ਕੀਤਾ ਏ। ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ, ਦਿੱਲੀ ਦੇ ਮੁਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਏ ਕਿ, ਇਸ ਮੁਸ਼ਕਲ ਸਮੇਂ ਵਿੱਚ, ਦਿੱਲੀ ਦੇ ਲੋਕ ਅਤੇ ਸਰਕਾਰ, ਪੰਜਾਬ ਵਿੱਚ ਆਫ਼ਤ ਪ੍ਰਭਾਵਿਤ ਲੋਕਾਂ ਨਾਲ ਹਮਦਰਦੀ ਨਾਲ ਖੜ੍ਹੇ ਨੇ।

------------------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਨੂੰ ਕੱਲ੍ਹ ਬਿਮਾਰ ਹੋਣ ਤੋਂ ਬਾਅਦ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਦੀ ਹਾਲਤ ਹੁਣ ਸਥਿਰ ਏ । ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਾਰਟੀ ਦੇ ਹੋਰ ਸਾਥੀਆਂ ਨਾਲ ਸ੍ਰੀ ਮਾਨ ਨੂੰ ਮਿਲਣ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲਗਾਤਾਰ ਦੌਰਿਆਂ ਕਾਰਨ ਹੋਈ ਥਕਾਵਟ ਕਾਰਨ ਬਿਮਾਰ ਹੋ ਗਏ ਸਨ; ਹਾਲਾਂਕਿ, ਉਹ ਹੁਣ ਠੀਕ ਨੇ. ਚੀਮਾ ਨੇ ਕਿਹਾ ਕਿ ਡਾਕਟਰਾਂ ਨੇ ਉਨ੍ਹਾਂ ਨੂੰ ਦੋ ਦਿਨ ਹੋਰ ਆਰਾਮ ਕਰਨ ਦੀ ਸਲਾਹ ਦਿੱਤੀ ਏ –

byte – ਚੀਮਾ – 22 sec

---------------------------------------------------------------------

ਮੌਸਮ ਵਿਭਾਗ ਵਲੋਂ ਅੱਜ ਲੁਧਿਆਣਾ, ਫਿਰੋਜ਼ਪੁਰ, ਪਟਿਆਲਾ, ਗੁਰਦਾਸਪੁਰ ਅਤੇ ਪਠਾਨਕੋਟ ਸਮੇਤ ਕਈ ਥਾਵਾਂ 'ਤੇ ਹਲਕੇ ਤੋਂ ਦਰਮਿਆਨੇ ਮੀਂਹ ਦੀ ਪੇਸ਼ੀਨਗੋਈ ਕੀਤੀ ਗਈ ਏ ਪਰ ਆਉਂਦੇ ਦੋ ਦਿਨਾਂ ਵਿਚ ਭਾਰੀ ਬਾਰਿਸ਼ ਦੀ ਕੋਈ ਚਿਤਾਵਨੀ ਨਹੀਂ ਏ.

---------------------------------------------------------------------

ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ GST ਸੁਧਾਰਾਂ ਰਾਹੀਂ ਮੱਧ ਵਰਗ ਦੇ ਪਰਿਵਾਰਾਂ ਨੂੰ ਇੱਕ ਵੱਡੀ ਰਾਹਤ ਅਤੇ ਇੱਕ ਕੀਮਤੀ ਤੋਹਫ਼ਾ ਦਿੱਤਾ ਏ। ਸ਼੍ਰੀ ਵੈਸ਼ਨਵ ਨੇ ਅੱਜ ਨਵੀਂ ਦਿੱਲੀ ਵਿੱਚ ਮੀਡੀਆ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਦੇ GST ਸੁਧਾਰਾਂ ਨਾਲ ਦੇਸ਼ ਦੇ ਜੀਡੀਪੀ ਵਿੱਚ ਲਗਭਗ 20 ਲੱਖ ਕਰੋੜ ਰੁਪਏ ਦਾ ਵਾਧਾ ਹੋਣ ਦੀ ਉਮੀਦ ਏ, ਜਿਸ ਨਾਲ ਦੇਸ਼ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲੇਗਾ- byte -

---------------------------------------------------------------------

ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਵਸਤੂ ਅਤੇ ਸੇਵਾ ਟੈਕਸ, GST ਸੁਧਾਰਾਂ ਨਾਲ, 22 ਸਤੰਬਰ ਤੋਂ ਖਪਤਕਾਰਾਂ ਦੀਆਂ ਰੋਜ਼ਾਨਾ ਵਰਤੋਂ ਦੀਆਂ ਵਸਤਾਂ

ਦੀਆਂ, ਟੈਕਸ ਦਰਾਂ ਘਟਾਉਣ ਦੀ ਪੂਰੀ ਤਿਆਰੀ ਏ। GST ਕੌਂਸਲ ਨੇ ਅਸਿੱਧੀ ਟੈਕਸ ਪ੍ਰਣਾਲੀ ਨੂੰ 5 ਫ਼ੀਸਦੀ ਤੇ 18 ਫ਼ੀਸਦੀ ਦੀਆਂ 2 ਦਰਾਂ ਨਾਲ ਸਰਲ ਬਣਾਇਆ ਏ। ਸਾਬਣ, ਦੁੱਧ, ਦਵਾਈਆਂ ਤੋਂ ਲੈ ਕੇ ਕਾਰਾਂ ਤੱਕ, ਟੈਕਸ ਦਾ ਬੋਝ ਘਟਣ ਦੀ ਉਮੀਦ ਏ। ਅੱਜ ਅਸੀਂ ਡੇਅਰੀ ਉਤਪਾਦਾਂ ਲਈ ਕੀਤੇ ਗਏ ਸੁਧਾਰਾਂ ਬਾਰੇ ਗੱਲ ਕਰਦੇ ਹਾਂ।**ਇੱਕ ਰਿਪੋਰਟ**

*GST ਕੌਂਸਲ ਨੇ ਕਈ ਡੇਅਰੀ ਉਤਪਾਦਾਂ ਨੂੰ ਟੈਕਸਾਂ ਤੋਂ ਛੋਟ ਦੇਣ ਨੂੰ ਮਨਜ਼ੂਰੀ ਦੇ ਦਿੱਤੀ ਏ। ਪਨੀਰ, ਛੇਨਾ ਅਤੇ ਅਲਟਰਾ ਹਾਈ ਟੈਂਪਰੇਚਰ ਦੁੱਧ ਵਰਗੀਆਂ ਚੀਜ਼ਾਂ ਜਿਨ੍ਹਾਂ 'ਤੇ ਪੰਜ ਫ਼ੀਸਦੀ GST ਦਰ ਸੀ, ਹੁਣ ਟੈਕਸ ਮੁਕਤ ਨੇ। ਇਹ ਇਨ੍ਹਾਂ ਉਤਪਾਦਾਂ ਦੀ ਕਿਫਾਇਤੀ ਦਰਾਂ 'ਤੇ ਉਪਲਬਧਤਾ ਨੂੰ ਯਕੀਨੀ ਬਣਾਏਗਾ। ਇਸ ਤੋਂ ਇਲਾਵਾ, ਮੱਖਣ, ਘਿਓ ਅਤੇ ਪਨੀਰ ਸਮੇਤ ਡੇਅਰੀ OIL ਜਿਨ੍ਹਾਂ 'ਤੇ ਪਹਿਲਾਂ 12 ਫ਼ੀਸਦੀ GST ਸੀ, ਨੂੰ ਹੁਣ 5 ਫ਼ੀਸਦੀ ਕਰ ਦਿੱਤਾ ਗਿਆ ਏ। ਇਸੇ ਤਰ੍ਹਾਂ, ਲੋਹੇ, ਸਟੀਲ ਅਤੇ ਐਲੂਮੀਨੀਅਮ ਦੇ ਦੁੱਧ ਦੇ ਡੱਬਿਆਂ ਨੂੰ ਵੀ 12 ਫ਼ੀਸਦੀ ਤੋਂ ਘਟਾ ਕੇ 5 ਫ਼ੀਸਦੀ ਕਰ ਦਿੱਤਾ ਗਿਆ ਏ। ਇਸ ਦੌਰਾਨ, ਪੌਦਿਆਂ-ਅਧਾਰਤ ਪੀਣ ਵਾਲੇ ਦੁੱਧ ਪਦਾਰਥਾਂ 'ਤੇ GST ਵੀ 18 ਫ਼ੀਸਦੀ ਤੋਂ ਘਟਾ ਕੇ 5 ਫ਼ੀਸਦੀ ਕਰ ਦਿੱਤਾ ਗਿਆ ਏ, ਜੋ ਖਪਤਕਾਰਾਂ ਨੂੰ ਸਿਹਤਮੰਦ ਡੇਅਰੀ ਵਿਕਲਪਾਂ 'ਤੇ ਰਾਹਤ*

*ਪ੍ਰਦਾਨ ਕਰਦਾ ਏ।ਇਸ ਮਹੱਤਵਪੂਰਨ ਟੈਕਸ ਤਰਕਸੰਗਤੀਕਰਨ ਨਾਲ, ਡੇਅਰੀ ਸੈਕਟਰ ਨੂੰ ਹੁਲਾਰਾ ਮਿਲਣ ਦੀ ਉਮੀਦ ਏ ਅਤੇ ਕਿਸਾਨਾਂ ਅਤੇ ਖਪਤਕਾਰਾਂ ਦੋਵਾਂ ਨੂੰ ਲਾਭ ਮਿਲੇਗਾ, ਜਿਸ ਨਾਲ ਦੇਸ਼ ਦੇ ਸਮੁੱਚੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਵੇਗਾ। ਇਸ ਸੁਧਾਰ ਨਾਲ 8 ਕਰੋੜ ਤੋਂ ਵੱਧ ਪੇਂਡੂ ਕਿਸਾਨ ਪਰਿਵਾਰਾਂ, ਖਾਸ ਕਰਕੇ ਛੋਟੇ, ਸੀਮਾਂਤ ਅਤੇ ਭੂਮੀਹੀਣ ਮਜ਼ਦੂਰਾਂ ਨੂੰ ਸਿੱਧੇ ਤੌਰ 'ਤੇ ਲਾਭ ਹੋਵੇਗਾ।*

---------------------------------------------------------------------------

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਕੱਲ੍ਹ ਸਵੇਰੇ ਸੁਖਨਾ ਝੀਲ ਸਪੋਰਟਸ ਕੰਪਲੈਕਸ, ਸੈਕਟਰ 6, ਚੰਡੀਗੜ੍ਹ ਵਿਖੇ ਇੱਕ ਹੈਲਥ ਰਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ. ਇਹ ਪ੍ਰੋਗਰਾਮ NCC ਗਰੁੱਪ ਚੰਡੀਗੜ੍ਹ ਵਲੋਂ ਇਸ ਕੇਂਦਰ ਸ਼ਾਸਤ ਪ੍ਰਦੇਸ਼ ਦੇ ਸਿੱਖਿਆ ਵਿਭਾਗ ਦੀ ਅਗਵਾਈ ਹੇਠ ਕਰਾਇਆ ਜਾ ਰਿਹਾ ਏ, ਜਿਸਦਾ ਉਦੇਸ਼ ਸਿਹਤਮੰਦ ਜੀਵਨ ਸ਼ੈਲੀ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਮੁਹਿੰਮ ਨੂੰ ਮਜ਼ਬੂਤ ਕਰਨਾ ਏ.

---------------------------------------------------------------------------

ਉੱਤਰੀ ਭਾਰਤ ਦਾ ਪ੍ਰਸਿੱਧ ਮੇਲਾ ਸਿੱਧ ਬਾਬਾ ਸੋਡਲ ਮੇਲਾ ਪੂਰੀ ਧਾਰਮਿਕ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ. ਸੰਗਤ

ਦੂਰ ਦੁਰਾਡੇ ਤੋਂ ਢੋਲ ਢਮੱਕਿਆਂ ਨਾਲ ਬਾਬਾ ਜੀ ਦੇ ਦਰਸ਼ਨ ਕਰਨ ਲਈ ਪਹੁੰਚ ਰਹੀ ਏ. ਮੇਲੇ ਦੇ ਮੁੱਖ ਅਸਥਾਨ ਸੋਡਲ ਚੌਂਕ ਦੇ ਚਾਰੇ ਪਾਸੇ ਜਾਣ ਵਾਲੀਆਂ ਸੜਕਾਂ 'ਤੇ ਪੰਡਾਲ ਅਤੇ ਦੁਕਾਨਾਂ ਸਜੀਆਂ ਹੋਈਆਂ ਨੇ. ਭਾਵੇਂ ਕਿ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਿਸ਼ ਨੇ ਪਰੇਸ਼ਾਨੀਆਂ ਪੈਦਾ ਕੀਤੀਆਂ ਨੇ ਪਰ ਪ੍ਰਸ਼ਾਸਨਕ ਟੀਮਾਂ ਵੀ ਪੂਰੀ ਤਰ੍ਹਾਂ ਚੌਕਸ ਨੇ। ਅੱਜ ਬਾਗਬਾਨੀ ਅਤੇ ਰਖਿਆ ਸੇਵਾਵਾਂ ਭਲਾਈ ਬਾਰੇ ਮੰਤਰੀ ਮੋਹਿੰਦਰ ਭਗਤ ਨੇ ਵੀ ਅੱਜ ਇਸ ਮੇਲੇ ਦੌਰਾਨ ਸ੍ਰੀ ਸਿਧ ਬਾਬਾ ਸੋਡ੍ਲ ਮੰਦਿਰ ਵਿਖੇ ਮਥਾ ਟੇਕਿਆ.

---------------------------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਲਦ ਹੀ ਹੜ੍ਹ ਪ੍ਰਭਾਵਿਤ ਸੂਬਿਆਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈਣਗੇ। ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਦੀ ਮਿਕਦਾਰ ਛੇਤੀ ਹੀ ਘਟਾਈ ਜਾਏਗੀ. ਮਾਰਕੰਡਾ ਅਤੇ ਟਾਂਗਰੀ ਨਦਿਆਂ ਵਿਚ ਆਪਣੀ ਸਮਰਥਾ ਤੋਂ ਵਧ ਪਾਣੀ ਆਣ ਕਰਕੇ ਪਟਿਆਲਾ ਦਾ ਕੁਝ ਇਲਾਕਾ ਪ੍ਰਭਾਵਿਤ.
- ਕੇਂਦਰੀ ਮੰਤਰੀ ਡਾ. ਮਨਸੁਖ ਮੰਡਾਵੀਆ ਨੇ ਕਿਹਾ ਏ ਕਿ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਚਾਅ ਕਾਰਜਾਂ ਲਈ

ਹਜ਼ਾਰਾਂ, ਸਿਖਲਾਈ ਪ੍ਰਾਪਤ - MY Bharat Aapda Mitras ਨੂੰ ਭੇਜਿਆ ਜਾਏਗਾ.

• ਮੌਸਮ ਵਿਭਾਗ ਵਲੋਂ ਆਉਂਦੇ ਦੋ ਦਿਨਾਂ ਵਿਚ ਭਾਰੀ ਬਾਰਿਸ਼ ਦੀ ਕੋਈ ਚਿਤਾਵਨੀ ਨਹੀਂ.

• ਰਾਜਪਾਲ ਗੁਲਾਬ ਚੰਦ ਕਟਾਰੀਆ ਕੱਲ੍ਹ ਸਵੇਰੇ ਸੁਖਨਾ ਝੀਲ ਸਪੋਰਟਸ ਕੰਪਲੈਕਸ, ਵਿਖੇ ਇੱਕ ਹੈਲਥ ਰਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ.

• ਉੱਤਰੀ ਭਾਰਤ ਦਾ ਪ੍ਰਸਿੱਧ ਮੇਲਾ, ਸਿੱਧ ਬਾਬਾ ਸੋਡਲ ਮੇਲਾ_ਪੂਰੀ ਧਾਰਮਿਕ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ.